# ਪੰਜਾਬੀ ਯੂਨੀਵਰਸਿਟੀ,ਪਟਿਆਲਾ।

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

ਸਿੰਡੀਕੇਟ : 426

2019 (2)

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਿੰਡੀਕੇਟ ਰੂਮ ਵਿਚ ਮਿਤੀ 15 ਮਾਰਚ, 2019 (ਸ਼ੁਕਰਵਾਰ) ਨੂੰ ਬਾ.ਦੁ. 2.00 ਵਜੇ ਹੋਈ ਸਿੰਡੀਕੇਟ ਦੀ ਹੰਗਾਮੀ (emergent) ਇਕੱਤਰਤਾ ਦੀ ਕਾਰਵਾਈ :

ਹਾਜ਼ਰ ਮੈਂਬਰ

1. ਡਾ. ਬੀ.ਐਸ. ਘੁੰਮਣ (ਸਭਾਪਤੀ)
2. ਮੇਜਰ ਏ.ਪੀ. ਸਿੰਘ
3. ਸ੍ਰੀ ਰਾਜੇਸ਼ ਕੁਮਾਰ ਸ਼ਰਮਾ
4. ਸ੍ਰੀ ਹਰਿੰਦਰ ਪਾਲ ਸਿੰਘ ਮਾਨ
5. ਡਾ. ਗੁਰਦੀਪ ਸਿੰਘ ਬੱਤਰਾ, ਡੀਨ, ਅਕਾਦਮਿਕ ਮਾਮਲੇ
6. ਸ੍ਰੀਮਤੀ ਗੁਰਸ਼ਰਨ ਕੌਰ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
7. ਡਾ. ਰਾਕੇਸ਼ ਮੋਹਨ ਸ਼ਰਮਾ, ਡੀਨ, ਫੈਕਲਟੀ ਆਫ਼ ਫਿਜ਼ੀਕਲ ਸਾਇੰਸਿਜ਼
8. ਡਾ. ਜਸਵੀਰਇੰਦਰ ਸਿੰਘ, ਡੀਨ, ਫੈਕਲਟੀ ਆਫ਼ ਲਾਈਫ਼ ਸਾਇੰਸਿਜ਼
9. ਡਾ. ਜਗਰੂਪ ਕੌਰ, ਡੀਨ, ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼
10. ਡਾ. ਲਖਵਿੰਦਰ ਸਿੰਘ, ਮੁਖੀ, ਇਕਨਾਮਿਕਸ ਵਿਭਾਗ
11. ਡਾ. ਅਮਿਤਾ ਕੌਸ਼ਲ, ਮੁਖੀ, ਲਾਅ ਵਿਭਾਗ
12. ਡਾ. ਸੰਗੀਤਾ ਹਾਂਡਾ, ਪ੍ਰਿੰਸੀਪਲ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।
13. ਡਾ. ਪਰਮਿੰਦਰ ਕੌਰ, ਪ੍ਰਿੰਸੀਪਲ, ਐਸ.ਐਸ.ਡੀ. ਗਰਲਜ਼ ਕਾਲਜ, ਬਠਿੰਡਾ।
14. ਸ੍ਰੀਮਤੀ ਹਰਪਾਲ ਕੌਰ, ਪ੍ਰਿੰਸੀਪਲ, ਸਰਕਾਰੀ ਰਣਬੀਰ ਕਾਲਜ, ਸੰਗਰੂਰ।

---

ਡਾ. ਮਨਜੀਤ ਸਿੰਘ ਨਿੱਜਰ,
ਰਜਿਸਟਰਾਰ (ਸਕੱਤਰ)

ਚਲਦਾ..............

ਇਕੱਤਰਤਾ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਵ) ਵਿਚਾਰ/ਪ੍ਰਵਾਨ ਕਰਨ ਹਿੱਤ ਮੱਦਾਂ

1. **ਪਾਸ ਹੋਇਆ ਕਿ** ਸਿੰਡੀਕੇਟ ਦੀ ਇਕੱਤਰਤਾ ਮਿਤੀ 27.02.2019 ਦੀ ਕਾਰਵਾਈ ਦੀ ਪ੍ਰਸ਼ਟੀ ਕੀਤੀ ਜਾਂਦੀ ਹੈ।

2. ਸਿੰਡੀਕੇਟ ਮਿਤੀ 27 ਫਰਵਰੀ, 2019 ਪੈਰ੍ਹਾ ਵ (15) ਰਾਹੀਂ ਲਏ ਫੈਸਲੇ ਦੀ ਲੋਅ ਵਿਚ ਯੂਨੀਵਰਸਿਟੀ ਵਿਖੇ ਵੱਖ-ਵੱਖ ਮਾਮਲਿਆਂ ਦੇ ਸੰਬੰਧ ਵਿਚ ਨੱਥੀ ਸੂਚੀ ਅਨੁਸਾਰ (**ਅੰਤਿਕਾ-1)** ਪ੍ਰਾਪਤ ਹੋਈਆਂ ਸ਼ਿਕਾਇਤਾਂ 'ਤੇ ਵਿਚਾਰ ਕਰਨ ਸੰਬੰਧੀ ਗਠਿਤ ਦੋ ਕਮੇਟੀਆਂ ਦੀਆਂ ਸੀਲ ਬੰਦ ਰਿਪੋਰਟਾਂ 'ਤੇ ਵਿਚਾਰ ਕੀਤਾ।

ਉਕਤ ਸੀਲ ਬੰਦ ਰਿਪੋਰਟਾਂ ਨੂੰ ਮੀਟਿੰਗ ਦੇ ਦੌਰਾਨ ਖੋਲ੍ਹਿਆ ਗਿਆ ਅਤੇ ਪੜਤਾਲੀਆ ਅਫ਼ਸਰਾਂ ਵੱਲੋਂ ਰਿਪੋਰਟਾਂ ਦੇ ਪੇਸ਼ ਕੀਤੇ ਨਤੀਜਿਆਂ/ਦਿੱਤੀ ਗਈ ਰਾਏ ਹਾਊਸ ਨੂੰ ਪੜ੍ਹਕੇ ਸੁਣਾਈ ਗਈ।

ਵਿਚਾਰ-ਵਟਾਂਦਰੇ ਉਪਰੰਤ **ਪਾਸ ਹੋਇਆ ਕਿ** ਇਨ੍ਹਾਂ ਰਿਪੋਰਟਾਂ ਦੇ ਨਤੀਜਿਆਂ/ਦਿੱਤੀ ਗਈ ਰਾਏ ਨੂੰ ਸੰਕਲਿਤ (compilation) ਕਰਨ ਹਿਤ ਸਿੰਡੀਕੇਟ ਦੇ ਮੈਂਬਰਾਂ ਦੀ ਤਿੰਨ ਮੈਂਬਰੀ ਕਮੇਟੀ ਗਠਿਤ ਕਰਨ ਅਤੇ ਇਸ ਕਮੇਟੀ ਦੀ ਕਾਰਵਾਈ ਨੂੰ ਸਿੰਡੀਕੇਟ ਵਿਚ ਪੇਸ਼ ਕਰਨ ਦਾ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤਾ ਜਾਂਦਾ ਹੈ।

## ਅਨੁਪੂਰਕ ਕਾਰਜ-ਸੂਚੀ ਨਾਲ ਸੰਬੰਧਿਤ ਮੱਦਾਂ।

ਵ) ਵਿਚਾਰ/ਪ੍ਰਵਾਨ ਕਰਨ ਹਿੱਤ ਮੱਦਾਂ

1. ਸ੍ਰੀ ਸੁਨੀਲ ਕੁਮਾਰ, ਸਹਾਇਕ ਪ੍ਰੋਫ਼ੈਸਰ (ਮਕੈਨੀਕਲ ਇੰਜੀਨੀਅਰਿੰਗ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਤੇ ਵਿਚਾਰ ਕੀਤਾ।

ਹਾਊਸ ਨੇ ਨੋਟ ਕੀਤਾ ਕਿ ਸ੍ਰੀ ਸੁਨੀਲ ਕੁਮਾਰ, ਯਾਦਵਿੰਦਰਾ ਕਾਲਜ਼ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਮਿਤੀ 24.08.2005 ਨੂੰ ਬਤੌਰ ਸਹਾਇਕ ਪ੍ਰੋਫ਼ੈਸਰ (ਮਕੈਨੀਕਲ ਇੰਜੀਨੀਅਰਿੰਗ) ਰੈਗੂਲਰ ਆਧਾਰ ਤੇ ਹਾਜ਼ਰ ਹੋਏ। ਇਹ ਯੂਨੀਵਰਸਿਟੀ ਦੇ ਪੱਕੇ ਅਧਿਆਪਕ ਹਨ। ਇਨਾਂ ਵੱਲੋਂ ਮੁਖੀ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨਾ ਚਾਹੁੰਦੇ ਹਨ। ਇਸ ਲਈ ਉਹਨਾਂ ਨੇ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਹੈ।

ਯੂਨੀਵਰਸਿਟੀ ਕੈਲੰਡਰ ਜਿਲਦ-1, 2014 ਦੇ ਪੰਨਾ 58 ਤੇ ਫੁੱਟ ਨੋਟ (ii) ਵਿੱਚ ਹੇਠ ਅਨੁਸਾਰ ਵਿਵਸਥਾ ਹੈ:

> "ਕੋਈ ਅਧਿਆਪਕ ਜੋ ਸੰਸਦ/ਰਾਜ ਵਿਧਾਨ ਮੰਡਲ/ਕਿਸੇ ਸਥਾਨਕ ਬੌਡੀ ਦੀ ਚੋਣ ਲੜਨਾ ਚਾਹੁੰਦਾ ਹੋਵੇ ਉਹ ਤਦ ਹੀ ਅਜਿਹੀ ਚੋਣ ਲੜ ਸਕੇਗਾ ਜੇ ਸਿੰਡੀਕੇਟ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਵੇ"

ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਕੈਲੰਡਰ ਜਿਲਦ-1, 2014 ਦੇ ਪੰਨਾ 58 ਤੇ ਫੁੱਟ ਨੋਟ (ii) ਵਿੱਚ ਦਰਸਾਈ ਵਿਵਸਥਾ ਦੀ ਲੋਅ ਵਿੱਚ ਸ੍ਰੀ ਸੁਨੀਲ ਕੁਮਾਰ, ਸਹਾਇਕ ਪ੍ਰੋਫ਼ੈਸਰ

ਚਲਦਾ...............

(ਮਕੈਨੀਕਲ ਇੰਜੀਨੀਅਰਿੰਗ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਸਿੰਡੀਕੇਟ ਦੇ ਵਿਚਾਰ ਹਿੱਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਵਿਚਾਰ-ਵਟਾਂਦਰੇ ਉਪਰੰਤ **ਪਾਸ ਹੋਇਆ ਕਿ** ਸ੍ਰੀ ਸੁਨੀਲ ਕੁਮਾਰ, ਸਹਾਇਕ ਪ੍ਰੋਫ਼ੈਸਰ (ਮਕੈਨੀਕਲ ਇੰਜੀਨੀਅਰਿੰਗ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

2. ਡਾ. ਲਖਬੀਰ ਸਿੰਘ, ਸਹਾਇਕ ਪ੍ਰੋਫ਼ੈਸਰ (ਫਿਜ਼ਿਕਸ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਤੇ ਵਿਚਾਰ ਕੀਤਾ।

ਹਾਊਸ ਨੇ ਨੋਟ ਕੀਤਾ ਕਿ ਡਾ. ਲਖਬੀਰ ਸਿੰਘ ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਮਿਤੀ 20.06.2005 ਨੂੰ ਬਤੌਰ ਸਹਾਇਕ ਪ੍ਰੋਫ਼ੈਸਰ (ਫਿਜ਼ਿਕਸ) ਰੈਗੂਲਰ ਆਧਾਰ ਤੇ ਹਾਜ਼ਰ ਹੋਏ। ਇਹ ਯੂਨੀਵਰਸਿਟੀ ਦੇ ਪੱਕੇ ਅਧਿਆਪਕ ਹਨ। ਇਨ੍ਹਾਂ ਵੱਲੋਂ ਮੁਖੀ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੇ ਇਸ ਦਫਤਰ ਵੱਲੋਂ ਮਿਤੀ 11.01.2012 ਨੂੰ ਦਿੱਤੀ ਪ੍ਰਵਾਨਗੀ ਦੀ ਤਰਜ ਤੇ ਆਗਾਮੀ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਹੈ।

ਰਿਕਾਰਡ ਅਨੁਸਾਰ ਇਨ੍ਹਾਂ ਨੂੰ ਦਫ਼ਤਰੀ ਆਦੇਸ਼ ਨੰ. 847/ਅਮਲਾ/ਨਿਗ-1/ਸ-11 ਮਿਤੀ 11.04.2012 ਰਾਹੀਂ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਵੱਲੋਂ ਦਿੱਤੇ ਆਦੇਸ਼ਾਂ ਅਨੁਸਾਰ ਵਿਧਾਨ ਸਭਾ ਚੋਣਾਂ 2012 ਲੜਨ ਦੀ ਪ੍ਰਵਾਨਗੀ ਦਿੱਤੀ ਗਈ ਸੀ।

ਯੂਨੀਵਰਸਿਟੀ ਕੈਲੰਡਰ ਜਿਲਦ-1, 2014 ਦੇ ਪੰਨਾ 58 ਤੇ ਫੁੱਟ ਨੋਟ (ii) ਵਿੱਚ ਹੇਠ ਅਨੁਸਾਰ ਵਿਵਸਥਾ ਹੈ:

> "ਕੋਈ ਅਧਿਆਪਕ ਜੋ ਸੰਸਦ/ਰਾਜ ਵਿਧਾਨ ਮੰਡਲ/ਕਿਸੇ ਸਥਾਨਕ ਬੌਡੀ ਦੀ ਚੋਣ ਲੜਨਾ ਚਾਹੁੰਦਾ ਹੋਵੇ ਉਹ ਤਦ ਹੀ ਅਜਿਹੀ ਚੋਣ ਲੜ ਸਕੇਗਾ ਜੇ ਸਿੰਡੀਕੇਟ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਵੇ"

ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਕੈਲੰਡਰ ਜਿਲਦ-1, 2014 ਦੇ ਪੰਨਾ 58 ਤੇ ਫੁੱਟ ਨੋਟ (ii) ਵਿੱਚ ਦਰਸਾਈ ਵਿਵਸਥਾ ਦੀ ਲੋਅ ਵਿੱਚ ਡਾ. ਲਖਬੀਰ ਸਿੰਘ, ਸਹਾਇਕ ਪ੍ਰੋਫ਼ੈਸਰ (ਫਿਜ਼ਿਕਸ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਸਿੰਡੀਕੇਟ ਦੇ ਵਿਚਾਰ ਹਿੱਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਵਿਚਾਰ-ਵਟਾਂਦਰੇ ਉਪਰੰਤ **ਪਾਸ ਹੋਇਆ ਕਿ** ਡਾ. ਲਖਬੀਰ ਸਿੰਘ, ਸਹਾਇਕ ਪ੍ਰੋਫ਼ੈਸਰ (ਫਿਜ਼ਿਕਸ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਲੋਕ ਸਭਾ ਚੋਣਾਂ 2019 ਲਈ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

3. ਡਾ. ਰਾਜਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ, ਲਾਅ ਵਿਭਾਗ ਨੂੰ ਲੋਕ ਸਭਾ ਚੋਣਾਂ 2019 ਲਈ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਤੇ ਵਿਚਾਰ ਕੀਤਾ।

ਹਾਊਸ ਨੇ ਨੋਟ ਕੀਤਾ ਕਿ ਡਾ. ਰਾਜਦੀਪ ਸਿੰਘ, ਲਾਅ ਵਿਭਾਗ, ਵਿਖੇ ਮਿਤੀ 24.06.2014 ਨੂੰ ਬਤੌਰ ਅਸਿਸਟੈਂਟ ਪ੍ਰੋਫੈਸਰ, ਰੈਗੂਲਰ ਆਧਾਰ ਤੇ ਹਾਜ਼ਰ ਹੋਏ। ਇਹ ਯੂਨੀਵਰਸਿਟੀ ਦੇ ਪੱਕੇ ਅਧਿਆਪਕ ਹਨ। ਇਨਾਂ ਵੱਲੋਂ ਮੁਖੀ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ 2019 ਲਈ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਦਾਖਲ ਕਰਨਾ ਚਾਹੁੰਦੇ ਹਨ। ਇਸ ਲਈ ਉਹਨਾਂ ਨੇ ਲੋਕ ਸਭਾ ਚੋਣਾਂ 2019 ਲਈ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਹੈ।

ਯੂਨੀਵਰਸਿਟੀ ਕੈਲੰਡਰ ਜਿਲਦ-1, 2014 ਦੇ ਪੰਨਾ 58 ਤੇ ਫੁੱਟ ਨੋਟ (ii) ਵਿੱਚ ਹੇਠ ਅਨੁਸਾਰ ਵਿਵਸਥਾ ਹੈ:

> "ਕੋਈ ਅਧਿਆਪਕ ਜੋ ਸੰਸਦ/ਰਾਜ ਵਿਧਾਨ ਮੰਡਲ/ਕਿਸੇ ਸਥਾਨਕ ਬੌਡੀ ਦੀ ਚੋਣ ਲੜਨਾ ਚਾਹੁੰਦਾ ਹੋਵੇ ਉਹ ਤਦ ਹੀ ਅਜਿਹੀ ਚੋਣ ਲੜ ਸਕੇਗਾ ਜੇ ਸਿੰਡੀਕੇਟ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਵੇ"

ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਕੈਲੰਡਰ ਜਿਲਦ-1, 2014 ਦੇ ਪੰਨਾ 58 ਤੇ ਫੁੱਟ ਨੋਟ (ii) ਵਿੱਚ ਦਰਸਾਈ ਵਿਵਸਥਾ ਦੀ ਲੋਅ ਵਿੱਚ ਡਾ. ਰਾਜਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ, ਲਾਅ ਵਿਭਾਗ ਨੂੰ ਲੋਕ ਸਭਾ ਚੋਣਾਂ 2019 ਲਈ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਸਿੰਡੀਕੇਟ ਦੇ ਵਿਚਾਰ ਹਿੱਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਵਿਚਾਰ-ਵਟਾਂਦਰੇ ਉਪਰੰਤ **ਪਾਸ ਹੋਇਆ** ਕਿ ਡਾ. ਰਾਜਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ, ਲਾਅ ਵਿਭਾਗ ਨੂੰ ਲੋਕ ਸਭਾ ਚੋਣਾਂ 2019 ਲਈ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਜੋਂ ਨਾਮਜ਼ਦਗੀ ਦਾਖਲ ਕਰਨ ਸੰਬੰਧੀ ਕੀਤੀ ਬੇਨਤੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਅਨੁਪੂਰਕ ਕਾਰਜ ਸੂਚੀ ਦੇ ਸਿਰਲੇਖ ਵ) ਦੇ ਕ੍ਰਮਾਂਕ/ਮੱਦ 1,2 ਅਤੇ 3 'ਤੇ ਦਰਸਾਏ ਅਧਿਆਪਕਾਂ ਤੋਂ ਇਲਾਵਾ ਜੇਕਰ ਕਿਸੇ ਹੋਰ ਅਧਿਆਪਕ ਵੱਲੋਂ ਲੋਕ ਸਭਾ ਚੋਣਾਂ 2019 ਲਈ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸੰਬੰਧੀ ਬੇਨਤੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਪ੍ਰਵਾਨ ਕਰਨ ਦਾ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤਾ ਜਾਂਦਾ ਹੈ।

4. **ਪਾਸ ਹੋਇਆ** ਕਿ ਸ੍ਰੀਮਤੀ ਸ਼ਰੂਤੀ, ਸਹਾਇਕ ਪ੍ਰੋਫੈਸਰ (ਗਣਿਤ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਨੂੰ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ (ਰਲੀਵ ਹੋਣ ਦੀ ਮਿਤੀ 24.07.2017 ਬਾਅਦ ਦੁਪਹਿਰ ਤੋਂ 01 ਸਾਲ 08 ਮਹੀਨੇ 09 ਦਿਨ + ਮਿਤੀ 23.01.2017 ਬਾਅਦ ਦੁਪਹਿਰ ਤੋਂ 14.5.2017 ਤੱਕ ਕੋਰਸ ਵਰਕ ਲਈ ਮਾਣੀ ਛੁੱਟੀ ਸਮੇਤ, ਕੁੱਲ ਛੁੱਟੀ 02 ਸਾਲ) ਵਿੱਚ ਮਿਤੀ 2.4.2019 ਤੋਂ ਇੱਕ ਸਾਲ ਦਾ ਹੋਰ ਵਾਧਾ ਕਰਨ ਸੰਬੰਧੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਹਾਊਸ ਨੇ ਨੋਟ ਕੀਤਾ ਕਿ ਸ੍ਰੀਮਤੀ ਸ਼ਰੂਤੀ, ਸਹਾਇਕ ਪ੍ਰੋਫੈਸਰ (ਗਣਿਤ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਨੂੰ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ-ਡੀ. ਕਰਨ ਲਈ ਰਲੀਵ ਹੋਣ ਦੀ ਮਿਤੀ ਤੋਂ 1 ਸਾਲ 8 ਮਹੀਨੇ 9 ਦਿਨ ਦੀ ਸਟੱਡੀ ਲੀਵ ਦਿੱਤੀ ਗਈ ਸੀ। ਇਹ ਮਿਤੀ 24.7.2017 (ਬਾ.ਦੁ.) ਨੂੰ ਰਲੀਵ ਹੋਏ। ਇਸ ਤੋਂ ਇਲਾਵਾ ਇਨ੍ਹਾਂ ਨੇ ਮਿਤੀ 23.1.2017

ਚਲਦਾ.............

(ਬਾ.ਦੁ.) ਤੋਂ 14.5.2017 ਤੱਕ ਪੀ ਐਚ-ਡੀ. ਕੋਰਸ ਵਰਕ ਲਈ ਛੁੱਟੀ ਮਾਣੀ ਹੈ। ਕੋਰਸ ਵਰਕ ਲਈ ਮਾਣੀ ਛੁੱਟੀ ਸਟੱਡੀ ਲੀਵ ਦਾ ਹਿੱਸਾ ਹੈ। ਇਨ੍ਹਾਂ ਦੀ ਸਟੱਡੀ ਲੀਵ ਦਾ ਸਮਾਂ ਮਿਤੀ 1.4.2019 ਤੱਕ ਬਣਦਾ ਹੈ।

ਸੰਬੰਧਤ ਅਧਿਆਪਕ ਵੱਲੋਂ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਸਟੱਡੀ ਲੀਵ ਵਿੱਚ ਮਿਤੀ 2.4.2019 ਤੋਂ ਇੱਕ ਸਾਲ ਦਾ ਵਾਧਾ ਕਰਨ ਲਈ ਬਿਨੈ ਕੀਤੀ ਗਈ ਹੈ। ਵਿਭਾਗੀ ਏ.ਸੀ.ਡੀ. ਨੇ ਸਟੱਡੀ ਲੀਵ ਵਿੱਚ ਮਿਤੀ 2.4.2019 ਤੋਂ ਇੱਕ ਸਾਲ ਦਾ ਵਾਧਾ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਮੁਖੀ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ ਇਨਾਂ ਦਾ ਵਰਕਲੋਡ ਅਧਿਆਪਨ ਅਮਲੇ ਵਿੱਚ ਐਡਜਸਟ ਕਰ ਲਿਆ ਜਾਵੇਗਾ। ਇਨ੍ਹਾਂ ਨੇ ਪੀ.ਐਚ-ਡੀ. ਦੀ ਛਮਾਹੀ ਪ੍ਰੋਗਰੈਸ ਰਿਪੋਰਟ ਜਮ੍ਹਾਂ ਕਰਵਾ ਦਿੱਤੀ ਹੈ। ਸਟੱਡੀ ਲੀਵ ਦੇ ਨਿਯਮਾਂ ਅਨੁਸਾਰ 02 ਸਾਲ ਦੀ ਸਟੱਡੀ ਲੀਵ ਦਿੱਤੀ ਜਾ ਸਕਦੀ ਹੈ।

ਅਧਿਆਪਕਾਂ ਦੀਆਂ ਛੁੱਟੀਆਂ ਦੇ ਅਧਿਆਦੇਸ਼ 1990 ਦੇ ਸਟੱਡੀ ਲੀਵ ਦੇ ਨਿਯਮ ਹੇਠ ਲਿਖੇ ਅਨੁਸਾਰ ਹਨ:-

**Study Leave**

(i) "Study Leave may be granted to permanent whole time teachers (other than a Professor of the University) with not less than two years continuous service, to pursue a special line of study or research directly related to his work in the University or to make a special study of the various aspects of University Organisation and methods of education giving full plan of work."

XXX XXX XXX

(ii) Study leave shall be granted on the recommendation of the **Committee, but leave shall not be granted for more than two years save in very exceptional case in which the Syndicate is satisfied that such extension is unavoidable on academic grounds and necessary in the interest of the University.

The period of Study leave shall, in no case, exceed three years.

ਵਾਈਸ ਚਾਂਸਲਰ ਸਾਹਿਬ ਵੱਲੋਂ ਸ੍ਰੀਮਤੀ ਸ਼ਰੂਤੀ, ਸਹਾਇਕ ਪ੍ਰੋਫ਼ੈਸਰ (ਗਣਿਤ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਨੂੰ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ (ਰਲੀਵ ਹੋਣ ਦੀ ਮਿਤੀ 24.07.2017 ਬਾ. ਦੁ. ਤੋਂ 01 ਸਾਲ 08 ਮਹੀਨੇ 09 ਦਿਨ+ਮਿਤੀ 23.01.2017 ਬਾ.ਦੁ. ਤੋਂ 14.5.2017 ਤੱਕ ਕੋਰਸ ਵਰਕ ਲਈ ਮਾਣੀ ਛੁੱਟੀ ਸਮੇਤ, ਕੁੱਲ ਛੁੱਟੀ 02 ਸਾਲ) ਵਿੱਚ ਮਿਤੀ 2.4.2019 ਤੋਂ ਇੱਕ ਸਾਲ ਦਾ ਹੋਰ ਵਾਧਾ ਕਰਨ ਸੰਬੰਧੀ ਕੇਸ ਸਿੰਡੀਕੇਟ ਦੇ ਵਿਚਾਰ ਹਿੱਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

5. **ਪਾਸ ਹੋਇਆ** ਕਿ ਸ੍ਰੀ ਮਨੋਜ ਕੁਮਾਰ, ਸਹਾਇਕ ਪ੍ਰੋਫ਼ੈਸਰ (ਕੰਪਿਊਟਰ ਇੰਜੀਨੀਅਰਿੰਗ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਪੀ.ਐਚ-ਡੀ ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ (ਰਲੀਵ ਹੋਣ ਦੀ ਮਿਤੀ 22.9.2017 (ਪੂ.ਦੁ.) ਤੋਂ 01 ਸਾਲ 07 ਮਹੀਨੇ 03 ਦਿਨ + 4 ਮਹੀਨੇ 28 ਦਿਨ ਦੀ ਕੋਰਸ ਵਰਕ ਲਈ ਮਾਣੀ ਛੁੱਟੀ ਸਮੇਤ, ਕੁੱਲ ਛੁੱਟੀ 02 ਸਾਲ) ਵਿੱਚ ਮਿਤੀ 25.4.2019 ਤੋਂ ਇੱਕ ਸਾਲ ਦਾ ਹੋਰ ਵਾਧਾ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਹਾਊਸ ਨੇ ਨੋਟ ਕੀਤਾ ਕਿ ਸ੍ਰੀ ਮਨੋਜ ਕੁਮਾਰ, ਸਹਾਇਕ ਪ੍ਰੋਫ਼ੈਸਰ (ਕੰਪਿਊਟਰ ਇੰਜੀਨੀਅਰਿੰਗ), ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਪੀ.ਐਚ-ਡੀ. ਕਰਨ ਲਈ ਰਲੀਵ ਹੋਣ ਦੀ ਮਿਤੀ ਤੋਂ 1 ਸਾਲ 7 ਮਹੀਨੇ 3 ਦਿਨ ਦੀ ਸਟੱਡੀ ਲੀਵ ਦਿੱਤੀ ਗਈ ਸੀ ਅਤੇ ਇਹ ਮਿਤੀ 22.9.2017 (ਪੂ.ਦੁ.) ਤੋਂ ਰਲੀਵ ਹੋਏ। ਇਸ ਤੋਂ ਇਲਾਵਾ ਇਨਾਂ ਨੇ 04 ਮਹੀਨੇ 28 ਦਿਨਾਂ ਦੀ ਪੀ.ਐਚ-ਡੀ. ਕੋਰਸ ਵਰਕ ਲਈ ਛੁੱਟੀ ਮਾਣੀ ਹੈ। ਕੋਰਸ ਵਰਕ ਲਈ ਮਾਣੀ ਛੁੱਟੀ ਸਟੱਡੀ ਲੀਵ ਦਾ ਹਿੱਸਾ ਹੈ।

ਚਲਦਾ............

ਸੰਬੰਧਤ ਅਧਿਆਪਕ ਵੱਲੋਂ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ ਵਿੱਚ ਇੱਕ ਸਾਲ ਦਾ ਵਾਧਾ ਕਰਨ ਲਈ ਬਿਨੈ ਕੀਤੀ ਗਈ ਹੈ। ਵਿਭਾਗੀ ਏ.ਸੀ.ਡੀ. ਨੇ ਸਟੱਡੀ ਲੀਵ ਵਿੱਚ ਇੱਕ ਸਾਲ ਦਾ ਵਾਧਾ ਕਰਨ ਦੀ ਸਿਫ਼ਾਰਸ਼ ਕੀਤੀ ਹੈ ਅਤੇ ਲਿਖਿਆ ਗਿਆ ਹੈ ਕਿ ਇਨ੍ਹਾਂ ਦਾ ਵਰਕਲੋਡ ਸੀ.ਈ. ਸੈਕਸ਼ਨ ਦੇ ਅਧਿਆਪਕਾਂ ਵਿੱਚ ਐਡਜਸਟ ਕਰ ਦਿੱਤਾ ਗਿਆ ਹੈ। ਇਨ੍ਹਾਂ ਦੀ ਸਟੱਡੀ ਲੀਵ ਦਾ ਸਮਾਂ ਮਿਤੀ 24.4.2019 ਨੂੰ ਦੋ ਸਾਲ ਬਣਦਾ ਹੈ। ਨਿਯਮਾਂ ਅਨੁਸਾਰ ਇਨਾਂ 02 ਸਾਲ ਦੀ ਸਟੱਡੀ ਲੀਵ ਤੋਂ ਬਾਅਦ ਇਸ ਛੁੱਟੀ ਵਿੱਚ ਵਾਧੇ ਦੀ ਪ੍ਰਵਾਨਗੀ ਸਿੰਡੀਕੇਟ ਵੱਲੋਂ ਦਿੱਤੀ ਜਾਣੀ ਹੈ। ਅਧਿਆਪਕਾਂ ਦੀਆਂ ਛੁੱਟੀਆਂ ਦੇ ਅਧਿਆਦੇਸ਼ 1990 ਦੇ ਸਟੱਡੀ ਲੀਵ ਦੇ ਨਿਯਮ ਹੇਠ ਲਿਖੇ ਅਨੁਸਾਰ ਹਨ:-

**Study Leave**

(i) "Study Leave may be granted to permanent whole time teachers (other than a Professor of the University) with not less than two years continuous service, to pursue a special line of study or research directly related to his work in the University or to make a special study of the various aspects of University Organisation and methods of education giving full plan of work."

XXX XXX XXX

(ii) Study leave shall be granted on the recommendation of the **Committee, but leave shall not be granted for more than two years save in very exceptional case in which the Syndicate is satisfied that such extension is unavoidable on academic grounds and necessary in the interest of the University.

The period of Study leave shall, in no case, exceed three years.

ਵਾਈਸ ਚਾਂਸਲਰ ਸਾਹਿਬ ਵੱਲੋਂ ਸ੍ਰੀ ਮਨੋਜ ਕੁਮਾਰ, ਸਹਾਇਕ ਪ੍ਰੋਫੈਸਰ (ਕੰਪਿਊਟਰ ਇੰਜੀਨੀਅਰਿੰਗ), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਨੂੰ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ (ਰਲੀਵ ਹੋਣ ਦੀ ਮਿਤੀ 22.9.2017 (ਪੂ.ਦੁ.) ਤੋਂ 01 ਸਾਲ 07 ਮਹੀਨੇ 03 ਦਿਨ + 4 ਮਹੀਨੇ 28 ਦਿਨ ਦੀ ਕੋਰਸ ਵਰਕ ਲਈ ਮਾਣੀ ਛੁੱਟੀ ਸਮੇਤ, ਕੁੱਲ ਛੁੱਟੀ 02 ਸਾਲ) ਵਿੱਚ ਮਿਤੀ 25.4.2019 ਤੋਂ ਇੱਕ ਸਾਲ ਦਾ ਵਾਧਾ ਕਰਨ ਸਬੰਧੀ ਕੇਸ ਸਿੰਡੀਕੇਟ ਦੇ ਵਿਚਾਰ ਹਿੱਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

6. **ਪਾਸ ਹੋਇਆ ਕਿ** ਸ੍ਰੀ ਕੈਂਡੀ ਗੋਇਲ, ਸਹਾਇਕ ਪ੍ਰੋਫੈਸਰ (ਈ.ਸੀ.ਈ.), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ (ਰਲੀਵ ਹੋਣ ਦੀ ਮਿਤੀ 28.07.2017 (ਬਾ.ਦੁ.) ਤੋਂ 1 ਸਾਲ 7 ਮਹੀਨੇ 18 ਦਿਨ + ਮਿਤੀ 9.1.2013 ਤੋਂ 21.5.2013 ਤੱਕ ਕੋਰਸ ਵਰਕ ਲਈ ਮਾਣੀ ਛੁੱਟੀ ਸਮੇਤ, ਕੁੱਲ ਛੁੱਟੀ 02 ਸਾਲ) ਵਿੱਚ ਮਿਤੀ 19.03.2019 ਤੋਂ ਤਿੰਨ ਮਹੀਨੇ ਦਾ ਵਾਧਾ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਹਾਊਸ ਨੇ ਨੋਟ ਕੀਤਾ ਕਿ ਸ੍ਰੀ ਕੈਂਡੀ ਗੋਇਲ, ਸਹਾਇਕ ਪ੍ਰੋਫੈਸਰ (ਈ.ਸੀ.ਈ.), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਸਲਾਈਟ ਲੌਂਗੋਵਾਲ, ਸੰਗਰੂਰ ਤੋਂ ਪੀ.ਐਚ-ਡੀ. ਕਰਨ ਲਈ ਰਲੀਵ ਹੋਣ ਦੀ ਮਿਤੀ ਤੋਂ 1 ਸਾਲ 7 ਮਹੀਨੇ 18 ਦਿਨ ਦੀ ਸਟੱਡੀ ਲੀਵ ਦਿੱਤੀ ਗਈ ਸੀ। ਇਹ ਮਿਤੀ 28.07.2017 (ਬਾ.ਦੁ.) ਨੂੰ ਵਿਭਾਗ ਤੋਂ ਰਲੀਵ ਹੋਏ। ਇਸ ਤੋਂ ਇਲਾਵਾ ਇਨਾਂ ਨੇ ਮਿਤੀ 9.1.2013 ਤੋਂ 21.5.2013 ਤੱਕ ਪੀ.ਐਚ-ਡੀ. ਕੋਰਸ ਵਰਕ ਲਈ ਛੁੱਟੀ ਮਾਣੀ ਹੈ। ਕੋਰਸ ਵਰਕ ਲਈ ਮਾਣੀ ਛੁੱਟੀ ਸਟੱਡੀ ਲੀਵ ਦਾ ਹਿੱਸਾ ਹੈ।

ਚਲਦਾ..........

ਸੰਬੰਧਤ ਅਧਿਆਪਕ ਵੱਲੋਂ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਸਟੱਡੀ ਲੀਵ ਵਿੱਚ ਤਿੰਨ ਮਹੀਨੇ ਦਾ ਵਾਧਾ ਕਰਨ ਲਈ ਬਿਨੈ ਕੀਤੀ ਗਈ ਹੈ। ਏ.ਸੀ.ਡੀ. ਵੱਲੋਂ ਲਿਖਿਆ ਗਿਆ ਹੈ ਕਿ ਇਨਾਂ ਦਾ ਵਰਕਲੋਡ ਈ.ਸੀ.ਈ. ਸੈਕਸ਼ਨ ਦੇ ਅਧਿਆਪਕਾਂ ਵਿੱਚ ਐਡਜਸਟ ਕਰ ਲਿਆ ਹੈ। ਇਨਾਂ ਨੇ ਪੀ.ਐਚ-ਡੀ. ਦੀ ਛਮਾਹੀ ਪ੍ਰੋਗਰੈਸ ਰਿਪੋਰਟ ਜਮ੍ਹਾਂ ਕਰਵਾ ਦਿੱਤੀ ਹੈ। ਇਨਾਂ ਦੀ ਸਟੱਡੀ ਲੀਵ ਦਾ ਸਮਾਂ ਮਿਤੀ 18.3.2019 ਨੂੰ ਦੋ ਸਾਲ ਬਣਦਾ ਹੈ। ਨਿਯਮਾਂ ਅਨੁਸਾਰ ਇਨਾਂ 02 ਸਾਲ ਦੀ ਸਟੱਡੀ ਲੀਵ ਤੋਂ ਬਾਅਦ ਇਸ ਛੁੱਟੀ ਵਿੱਚ ਵਾਧੇ ਦੀ ਪ੍ਰਵਾਨਗੀ ਸਿੰਡੀਕੇਟ ਵੱਲੋਂ ਦਿੱਤੀ ਜਾਣੀ ਹੈ। ਅਧਿਆਪਕਾਂ ਦੀਆਂ ਛੁੱਟੀਆਂ ਦੇ ਅਧਿਆਦੇਸ਼ 1990 ਦੇ ਸਟੱਡੀ ਲੀਵ ਦੇ ਨਿਯਮ ਹੇਠ ਲਿਖੇ ਅਨੁਸਾਰ ਹਨ:-

**Study Leave**

(i) "Study Leave may be granted to permanent whole time teachers (other than a Professor of the University) with not less than two years continuous service, to pursue a special line of study or research directly related to his work in the University or to make a special study of the various aspects of University Organisation and methods of education giving full plan of work."

XXX XXX XXX

(ii) Study leave shall be granted on the recommendation of the **Committee, but leave shall not be granted for more than two years save in very exceptional case in which the Syndicate is satisfied that such extension is unavoidable on academic grounds and necessary in the interest of the University.

The period of Study leave shall, in no case, exceed three years.

ਸ੍ਰੀ ਕੇਂਡੀ ਗੋਇਲ, ਸਹਾਇਕ ਪ੍ਰੋਫ਼ੈਸਰ (ਈ.ਸੀ.ਈ.), ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਨੂੰ ਪੀ.ਐਚ-ਡੀ. ਦਾ ਕੰਮ ਪੂਰਾ ਕਰਨ ਲਈ ਪਹਿਲਾਂ ਦਿੱਤੀ ਸਟੱਡੀ ਲੀਵ ਰਲੀਵ ਹੋਣ ਦੀ ਮਿਤੀ 28.07.2017 (ਬਾ.ਦੁ.) ਤੋਂ 1 ਸਾਲ 7 ਮਹੀਨੇ 18 ਦਿਨ + ਮਿਤੀ 9.1.2013 ਤੋਂ 21.5.2013 ਤੱਕ ਕੋਰਸ ਵਰਕ ਲਈ ਮਾਣੀ ਛੁੱਟੀ ਸਮੇਤ, ਕੁੱਲ ਛੁੱਟੀ 02 ਸਾਲ) ਵਿੱਚ ਮਿਤੀ 19.03.2019 ਤੋਂ ਤਿੰਨ ਮਹੀਨੇ ਦਾ ਵਾਧਾ ਕਰਨ ਸਬੰਧੀ ਕੇਸ ਸਿੰਡੀਕੇਟ ਦੇ ਵਿਚਾਰ ਹਿੱਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

( ਮਨਜੀਤ ਸਿੰਘ ਨਿੱਜਰ )
ਰਜਿਸਟਰਾਰ/ਸਕੱਤਰ

ਪ੍ਰਤੀ ਹਸਤਾਖਰ

( ਬੀ.ਐਸ.ਘੁੰਮਣ )
ਵਾਈਸ-ਚਾਂਸਲਰ/ਸਭਾਪਤੀ